ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)

(email. dgsecoordination@punjabeducation.gov.in)

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ. 450836/DPISE/2020/12/Co/2024103598
ਮਿਤੀ: 25-04-2024

ਵਿਸ਼ਾ:- ਵਿੱਤ ਵਿਭਾਗ ਦੇ ਪੱਤਰ ਵਿੱਚ ਛੇੜ ਛਾੜ ਕਰਨ ਉਪਰੰਤ Social Media ਤੇ Viral ਕਰਨ ਸਬੰਧੀ।

ਹਵਾਲਾ: ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ) ਦਾ ਪੱਤਰ ਨੰ. FD-FPPCOINQR/1/2024-5FPPC/820268 ਮਿਤੀ 10.04.2024.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

25.04.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ.ਉਕਤ/2024103599 ਮਿਤੀ 25-04-2024

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ), ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡੀ.ਜੀ.ਐਸ.ਈ. ਪੰਜਾਬ।
4. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡਾਇਰੈਕਟਰ ਐਸ.ਸੀ.ਈ.ਆਰ.ਟੀ. ,ਪੰਜਾਬ।
5. ਪੀ.ਏ./ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ
6. ਪੀ.ਏ./ ਡਾਇਰੈਕਟਰ ਐਸ.ਸੀ.ਈ.ਆਰ.ਟੀ. ,ਪੰਜਾਬ।

25.04.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

I/820268/2024

FD-FPPC0INQR/1/2024-5FPPC

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ)

ਸੇਵਾ ਵਿਖੇ

ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ,
ਸਾਈਬਰ ਕਰਾਈਮ ਪੰਜਾਬ,
ਸਾਈਬਰ ਕਰਾਈਮ ਸੈਲ, ਫੇਸ-4,
ਐਸ.ਏ.ਐਸ., ਨਗਰ।

ਵਿਸ਼ਾ: ਵਿੱਤ ਵਿਭਾਗ ਦੇ ਪੱਤਰ ਵਿੱਚ ਛੇੜ ਛਾੜ ਕਰਨ ਉਪਰੰਤ Social Media ਤੇ Viral ਕਰਨ ਸਬੰਧੀ।

ਸ਼੍ਰੀਮਾਨ ਜੀ,

ਵਿਸ਼ਾ ਅੰਕਿਤ ਮਾਮਲੇ ਸਬੰਧੀ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤ ਵਿਭਾਗ ਵੱਲੋਂ ਜਾਰੀ ਕੀਤੇ ਪੱਤਰਾਂ ਨਾਲ ਛੇੜ ਛਾੜ ਕਰਕੇ ਕੁੱਝ ਅਣ ਪਛਾਤੇ ਅਨਸਰਾਂ ਵੱਲੋਂ Social Media (Whatsapp) ਤੇ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਇੱਕ ਸੰਗੀਨ ਜੁਰਮ ਹੈ ਜਿਸ ਨਾਲ ਸਰਕਾਰ ਨੂੰ ਵਿੱਤੀ ਨੁਕਸਾਨ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ।

2. ਕਿਉਂਜੋ ਇਹ ਮਾਮਲਾ ਆਪ ਦੇ ਵਿਭਾਗ ਨਾਲ ਸਬੰਧਤ ਹੈ, ਇਸ ਲਈ ਅਸਲ ਪੱਤਰ ਅਤੇ ਛੇੜ ਛਾੜ ਕੀਤੇ ਪੱਤਰ ਦੀਆਂ ਕਾਪੀਆਂ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨ੍ਹਾਂ ਸ਼ਰਾਰਤੀ ਅਨਸਰਾਂ ਦੀ ਪਛਾਣ ਕਰਕੇ ਲੋੜੀਂਦੀ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਇਸ ਸਬੰਧੀ ਵਿੱਤ ਵਿਭਾਗ ਨੂੰ ਜਾਣੂੰ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ।

Under Secretary Finance
10-04-2024

ਪਿੱ.ਅੰ.ਨੰ: FD-FPPC0INQR/1/2024-5FPPC/301

ਮਿਤੀ, ਚੰਡੀਗੜ੍ਹ: 10-04-2024

ਉਪਰੋਕਤ ਦਾ ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਮਾਮਲਾ ਆਪਣੇ ਵਿਭਾਗ ਦੇ ਸਾਰੇ ਦਫ਼ਤਰਾਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ ਜੀ।

ਸੇਵਾ ਵਿਖੇ

ਸਮੂਹ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ।

Under Secretary Finance
10-04-2024

Original Official Letter

I/817890/2024 FD-FPPC0GPF/5/2020-5FPPC

ਪੰਜਾਬ ਸਰਕਾਰ,
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਅਤੇ ਸੈਸ਼ਨ ਜੱਜ ਅਤੇ
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਸਕੱਤਰ, ਪੰਜਾਬ ਵਿਧਾਨ ਸਭਾ।

**ਵਿਸ਼ਾ: ਵਿੱਤੀ ਸਾਲ 2023-2024 ਦੌਰਾਨ ਜਾਰੀ ਜੀ.ਪੀ.ਫੰਡ ਸਬੰਧੀ ਵਿੱਤੀ ਮਨਜ਼ੂਰੀ ਦੀ ਮਿਆਦ ਵਿੱਚ ਵਾਧਾ ਕਰਨ ਬਾਰੇ।**

*****

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਵਿੱਤੀ ਨਿਯਮਾਂਵਲੀ ਭਾਗ-1 ਦੇ ਨਿਯਮ 18.14 ਦੇ ਅਧੀਨ ਨੋਟ-2 ਅਤੇ ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਨੰ: 5/91/2016-5ਵਿਪਪਤ/733-34 ਮਿਤੀ 16-12-2016 ਰਾਹੀਂ ਰਾਜ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਜੀ.ਪੀ.ਐਫ. ਐਡਵਾਂਸ/ ਫਾਈਨਲ ਅਦਾਇਗੀ ਅਤੇ 90% ਦੇ ਅਡਵਾਂਸਾਂ ਦੀ ਅਦਾਇਗੀ ਸਬੰਧੀ ਸਮਰੱਥ ਅਧਿਕਾਰੀਆਂ ਵੱਲੋਂ ਜਾਰੀ ਕੀਤੀਆਂ ਗਈਆਂ ਪ੍ਰਵਾਨਗੀਆਂ ਦੀ ਮਿਆਦ ਹਰ ਵਿੱਤੀ ਸਾਲ ਅਰਥਾਤ 31 ਮਾਰਚ ਤੱਕ ਕੀਤੀ ਗਈ ਸੀ।

2. ਸਰਕਾਰ ਵੱਲੋਂ ਹੁਣ ਫੈਸਲਾ ਲਿਆ ਗਿਆ ਹੈ ਕਿ ਜੀ.ਪੀ.ਐਫ. ਐਡਵਾਂਸ/ਫਾਈਨਲ ਅਦਾਇਗੀ ਅਤੇ 90% ਦੇ ਅਡਵਾਂਸਾਂ ਸਬੰਧੀ ਜਾਰੀ ਪ੍ਰਵਾਨਗੀਆਂ ਦੀ ਮਿਆਦ ਵਿੱਚ ਢਿੱਲ ਦਿੰਦੇ ਹੋਏ ਮਿਤੀ 31.03.2024 ਤੋਂ ਵਧਾ ਕੇ ਮਿਤੀ 30-06-2024 ਤੱਕ ਕੀਤੀ ਜਾਂਦੀ ਹੈ।

3. ਉਪਰੋਕਤ ਹਦਾਇਤਾਂ ਤੁਰੰਤ ਮਿਤੀ ਤੋਂ ਲਾਗੂ ਹੋਣਗੀਆਂ ਅਤੇ ਇਨ੍ਹਾਂ ਦੀ ਇੰਨ-ਬਿਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

5/4/2024
Superintendent
05-04-2024

ਅੰ.ਵਿ.ਪੱ.ਨੰ: FD-FPPC0GPF/5/2020-5FPPC/I/817890/2024/ 1-4 ਮਿਤੀ, ਚੰਡੀਗੜ੍ਹ: 5/4/2024

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖਜ਼ਾਨਾ ਤੇ ਲੇਖਾ, ਪੰਜਾਬ।
4. ਬਜਟ ਅਫਸਰ, ਵਿੱਤ ਬਜਟ-1 ਸ਼ਾਖਾ, ਵਿੱਤ ਵਿਭਾਗ, ਪੰਜਾਬ।

5/4/2024
Superintendent
05-04-2024

1/807895/2024

FD-FPPC0GPF/S/2020-5FPPC

ਪੰਜਾਬ ਸਰਕਾਰ, ਵਿੱਤ ਵਿਭਾਗ

(ਪ੍ਰਸੋਨਲ ਵਿਭਾਗ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਡਵੀਜ਼ਨਾਂ ਦੇ ਕਮਿਸ਼ਨਰ,

ਸਮੂਹ ਡਿਪਟੀ ਕਮਿਸ਼ਨਰ,

ਜਿਲ੍ਹਾ ਅਤੇ ਸੈਸ਼ਨ ਜੱਜ ਅਤੇ ਰਜਿਸਟਰਾਰ,

ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,

ਸਕੱਤਰ, ਪੰਜਾਬ ਵਿਧਾਨ ਸਭਾ

Fake Letter

ਵਿਸ਼ਾ: ਨਵੇਂ ਭਰਤੀ ਹੋਏ ਮੁਲਾਜਮਾਂ ਦੀਆਂ ਪ੍ਰੋਬੇਸ਼ਨ ਤੋਂ ਬਾਦ ਤਨਖਾਹਾਂ ਫਿਕਸ ਕਰਨ ਸਬੰਧੀ।

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਵਿੱਚ 17/07/2020 ਵਿਚ ਨਵੀਆਂ ਭਾਰਤੀਆਂ ਤੇ ਨਵੇਂ ਪੇ ਸਕੇਲ ਲਾਗੂ ਕੀਤੇ ਗਏ ਹਨ । ਉਹਨਾਂ ਮੁਲਾਜਮਾਂ ਦਾ ਹੁਣ ਪਰਖ ਕਾਲ ਪੂਰਾ ਹੋ ਰਿਹਾ ਹੈ ਇਹਨਾਂ ਦੇ ਸੰਬੰਧ ਵਿੱਚ ਵਾਰ ਵਾਰ ਪੇ fixation ਬਾਰੇ ਜਾਣਕਾਰੀ ਮੰਗੀ ਜਾ ਰਹੀ ਹੈ । ਇਹਨਾ ਮੁਲਾਜਮਾਂ ਦੀ ਤਨਖਾਹ ਪੰਜਾਬ ਦੇ 6th ਪੇ ਟੇਬਲ ਦੇ ਲੈਵਲ ਅਨੁਸਾਰ ਫਿਕਸ ਕਰੀ ਜਾਵੇ।

5/4/2024

Superintendent

5/04/2024

FD-FPPCOGPF/S/2020-5FPPC/1/817890/2024/1-4

ਮਿਤੀ ਚੰਡੀਗੜ੍ਹ

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖਜ਼ਾਨਾ ਤੇ ਲੇਖਾ, ਪੰਜਾਬ।
4. ਬਜਟ ਅਫਸਰ, ਵਿੱਤ ਬਜਟ-1 ਸ਼ਾਖਾ, ਵਿੱਤ ਵਿਭਾਗ, ਪੰਜਾਬ।

5/4/2024

Superintendent

5/04/2024